# ਗੂੜ੍ਹੀ ਹੋਂਦ ਤੇ ਹਰਫ਼ਾਂ ਵਾਲਾ ਚਿੰਤਕ ਡਾ. ਜੋਗਿੰਦਰ ਸਿੰਘ ਰਾਹੀ

ਪ੍ਰੋ. ਹਰਿਭਜਨ ਸਿੰਘ ਭਾਟੀਆ

ਪ੍ਰੋਫ਼ੈਸਰ ਪ੍ਰੀਤਮ ਸਿੰਘ ਦੁਆਰਾ ਸੰਪਾਦਿਤ **ਪੰਜਾਬੀ ਲੇਖਕ ਕੋਸ਼** ਫ਼ਰੋਲ ਰਿਹਾ ਸਾਂ। ਜੋਗਿੰਦਰ ਸਿੰਘ ਦੇ ਇੰਦਰਾਜ ਵੀ ਮਿਲੇ ਅਤੇ ਰਾਹੀ ਵੀ ਕਈ ਨਾਵਾਂ ਪਿੱਛੇ ਤਖ਼ਲੁੱਸ ਵਜੋਂ ਜੁੜਿਆ ਵੇਖਿਆ। ਮਗਰ ਜੋਗਿੰਦਰ ਸਿੰਘ ਰਾਹੀ ਪੰਜਾਬੀ ਚਿੰਤਨ ਦੀ ਦੁਨੀਆ ਵਿਚ ਇਕੱਲਾ ਹੀ ਸੀ - ਅਸਲੋਂ ਵੱਖਰਾ, ਨਵੇਕਲਾ, ਆਪਣਾ ਅੰਦਾਜ਼ ਰੱਖਣ ਵਾਲਾ, ਸ਼ਨਾਖ਼ਤਵਰ ਤੇ ਦੀਦਾਵਰ। ਉਹਦੀ ਹੋਂਦ ਤੇ ਹਰਫ਼ਾਂ ਵਿਚ ਇਕ ਵੱਖਰਾ ਸਲੀਕਾ ਸੀ। ਉਹਦੀ ਡੀਲ-ਡੌਲ ਫੌਜੀ ਜਰਨੈਲਾਂ ਵਰਗੀ ਤੇ ਲਹਿਜਾ ਪੁਲਸ ਅਫ਼ਸਰਾਂ ਦੇ ਰੋਅਬ-ਦਾਬ ਵਾਲਾ। ਉਸਦਾ ਸਲੀਕਾ ਉਸ ਦੇ ਖਾਣ, ਪਹਿਨਣ, ਬੋਲਣ, ਤੁਰਣ, ਬੈਠਣ, ਉੱਠਣ, ਲਿਖਣ ਹਰ ਚੀਜ਼ ਵਿਚ ਮੌਜੂਦ ਸੀ। ਜਿਵੇਂ ਸੁਘੜ-ਸੁਆਣੀਆਂ ਦੇ ਹੱਥਾਂ ਦੀ ਬਣੀ ਚੀਜ਼ ਝੱਟ ਪਛਾਣੀ ਜਾਂਦੀ ਹੈ ਇੰਜ ਹਰਫ਼ਾਂ ਤੇ ਫ਼ਿਕਰਿਆਂ ਦੇ ਢੇਰ ਵਿਚੋਂ ਉਹਦੇ ਹਰਫ਼ ਝੱਟ ਪਛਾਣੇ ਜਾਂਦੇ ਸਨ। ਉਸਦੀ ਸ਼ੈਲੀ ਝੱਟ ਉਸਦੀ ਹੋਂਦ ਦਾ ਥਹੁ-ਪਤਾ ਦੇ ਦੇਂਦੀ ਸੀ। ਉਹ ਇਕ ਯੋਗ ਅਧਿਆਪਕ, ਹਰਫ਼ਾਂ ਦੇ ਸਾਹ ਸੁਣਨ ਵਾਲਾ ਅਨੁਵਾਦਕ, ਕੁਸ਼ਲ ਪ੍ਰਬੰਧਕ, ਨਵੇਂ ਖੋਜੀਆਂ ਦੇ ਹਰ ਫ਼ਿਕਰੇ ਨੂੰ ਸੋਧਣ ਵਾਲਾ ਨਿਗਰਾਨ ਅਤੇ ਦਮਦਾਰ ਰਚਨਾਵਾਂ ਦੀ ਚੋਣ ਕਰ ਸੰਪਾਦਿਤ ਕਰਨ ਵਾਲਾ ਵਧੀਆ ਸੰਪਾਦਕ ਸੀ। ਉਸਦੇ ਬਹੁਖ਼ੇਤਰੀ ਕੰਮ ਤੋਂ ਉਸਦੇ ਆਪਣੇ ਆਪ ਵਿਚ ਇਕ ਸੰਸਥਾ, ਇਕ ਯੁੱਗ ਹੋਣ ਦੀ ਟੋਹ ਮਿਲਦੀ ਹੈ। ਇਸ ਯੁੱਗ ਦਾ ਅੰਤ 17 ਜਨਵਰੀ 2010 ਨੂੰ ਅੰਮ੍ਰਿਤਸਰ ਦੇ ਇਕ ਹਸਪਤਾਲ ਵਿਚ ਹੋ ਗਿਆ।

ਫ਼ਰਵਰੀ 18, 1937 ਨੂੰ ਮਾਤਾ ਜਸਵੰਤ ਕੌਰ ਦੀ ਕੁੱਖੋਂ ਪਿਤਾ ਇਕਬਾਲ ਸਿੰਘ ਕਾਹਲੋਂ ਦੇ ਘਰ ਚੱਕ ਨੰ 5 ਡਾਕਖ਼ਾਨਾ ਰੀਨਾਲਾ ਖੁਰਦ ਤਹਿਸੀਲ ਉਕਾੜਾ (ਹੁਣ ਪਾਕਿਸਤਾਨ) ਵਿਖੇ ਪੈਦਾ ਹੋਇਆ ਸੀ ਜੋਗਿੰਦਰ ਸਿੰਘ। ਅਦਬ ਅਤੇ ਚਿੰਤਨ ਨਾਲ ਗੂੜ੍ਹੀ ਯਾਰੀ ਹੋਣ ਕਰਕੇ ਉਸ ਆਪਣੇ ਨਾਂ ਨਾਲ 'ਰਾਹੀ' ਤਖੱਲੁਸ ਜੋੜ ਲਿਆ। ਇਹ ਤਖੱਲੁਸ ਉਸਦੀ ਹੋਂਦ ਦੇ ਅਰਥ ਤੇ ਸਿਰਨਾਵਾਂ ਬਣ ਗਿਆ। ਉਹ ਤਮਾਮ ਉਮਰ ਅਦਬ ਤੇ ਚਿੰਤਨ ਦੀ ਦੁਨੀਆ ਦਾ ਰਾਹੀ ਬਣਿਆ ਰਿਹਾ, ਨਵੇਂ ਰਸਤੇ ਢੂੰਡਦਾ-ਤਲਾਸ਼ਦਾ, ਅਦਬੀ ਸ਼ਾਹਪਾਰਿਆਂ ਦੀਆਂ ਛੁਪੀਆਂ ਤੇ ਗੁੱਝੀਆਂ ਪਰਤਾਂ ਫ਼ਰੋਲਦਾ। ਉਹ ਆਪਣੀ ਤੇਜ਼-ਤਰਾਰ ਨਜ਼ਰ ਨਾਲ ਪਾਠਾਂ ਦਾ ਗੁੱਝਾ-ਛੁਪਿਆ ਬਾਹਰ ਕੱਢ ਲਿਆਉਂਦਾ ਸੀ। ਅਸਾਧਾਰਣ ਯੋਗਤਾ ਦਾ ਮਾਲਕ

ਸੀ ਉਹ--ਹਰਫ਼ਾਂ ਤੇ ਪਾਠਾਂ ਦੇ ਚੇਤਨ-ਅਵਚੇਤਨ ਨੂੰ ਮਨੁੱਖਾਂ ਦੇ ਚੇਤਨ ਅਵਚੇਤਨ ਵਾਂਗ ਗਹੁ ਨਾਲ ਫਰੋਲਣ ਵਾਲਾ।

ਡੀ. ਏ. ਵੀ. ਖਾਲਜ ਅੰਮ੍ਰਿਤਸਰ ਤੋਂ ਆਪਣੇ ਅਧਿਆਪਨ ਕਾਰਜ ਦਾ ਸਫ਼ਰ ਸ਼ੁਰੂ ਕਰਕੇ ਜੋਗਿੰਦਰ ਸਿੰਘ ਰਾਹੀ 1971 ਈ. ਵਿਚ ਇਤਿਹਾਸ ਵਿਭਾਗ ਵਿਖੇ ਆ ਗਏ - ਫ਼ਾਰਸੀ ਤੇ ਅੰਗਰੇਜ਼ੀ ਦਸਤਾਵੇਜਾਂ ਨੂੰ ਪੰਜਾਬੀ ਵਿਚ ਉਲਥਾਉਣ ਲਈ। ਮਗਰੋਂ 1973 ਈ. ਵਿਚ ਉਹ ਪੰਜਾਬੀ ਵਿਭਾਗ ਵਿਚ ਬਤੌਰ ਲੈਕਚਰਾਰ ਆਏ ਅਤੇ ਨਾਲ ਹੀ ਡਾ. ਦੀਵਾਨ ਸਿੰਘ ਦੀ ਨਿਗਰਾਨੀ ਹੇਠ **ਪੰਜਾਬੀ ਨਾਵਲ: ਰੂਪ ਤੇ ਪ੍ਰਕਾਰਜ** ਵਿਸ਼ੇ ਉੱਪਰ ਪੀ-ਐਂਚ.ਡੀ. ਦਾ ਖੋਜ ਕਾਰਜ ਆਰੰਭ ਕਰ ਦਿੱਤਾ। ਪੀ-ਐਂਚ.ਡੀ. ਦੀ ਇਹ ਉਪਾਧੀ ਡਾ. ਰਾਹੀ ਨੂੰ ਬੇਸ਼ੱਕ 1976 ਈ. ਵਿਚ ਪ੍ਰਾਪਤ ਹੋਈ ਪਰੰਤੂ ਇਸ ਤੋਂ ਪਹਿਲਾਂ ਹੀ ਉਹ ਆਪਣੇ ਦਮਦਾਰ ਮਜ਼ਮੂਨਾਂ ਨਾਲ ਪੰਜਾਬੀ ਗਲਪ ਦੇ ਵਿਸ਼ੇਸ਼ੱਗ ਚਿੰਤਕ ਵਜੋਂ ਜਾਣਿਆ ਜਾਣ ਲੱਗਾ ਸੀ। ਲੈਕਚਰਾਰ ਤੋਂ ਬਾਅਦ ਰੀਡਰ, ਪ੍ਰੋਫ਼ੈਸਰ ਬਣਨ ਉਪਰੰਤ ਉਹ ਡੀਨ ਵਿਦਿਆਰਥੀ ਭਲਾਈ ਅਤੇ ਸਕੱਤਰ ਵਾਈਸ ਚਾਂਸਲਰ ਦੇ ਪ੍ਰਸ਼ਾਸਕੀ ਅਹੁਦਿਆਂ ਤਕ ਅੱਪੜਿਆ।ਉਸ ਨੂੰ ਗਲਪ ਅਤੇ ਸਾਹਿਤ ਚਿੰਤਨ ਦੇ ਖੇਤਰ ਵਿਚ ਅਸਾਧਾਰਣ ਯੋਗਤਾ ਸਦਕਾ 1991 ਈ. ਵਿਚ ਯੂ.ਜੀ.ਸੀ. ਨੇ ਨੈਸ਼ਨਲ ਲੈਕਚਰਰ ਘੋਸ਼ਿਤ ਕੀਤਾ। ਇਹ ਮਾਣ ਪੰਜਾਬੀ ਦੇ ਗਿਣਵੇਂ-ਚੁਣਵੇਂ ਚਿੰਤਕਾਂ ਨੂੰ ਨਸੀਬ ਹੋਇਆ। ਤਿੰਨ ਵਰ੍ਹਿਆਂ ਲਈ ਉਹ ਹਿੰਦੁਸਤਾਨ ਦੇ ਸਭ ਤੋਂ ਵੱਡੇ ਅਦਬੀ ਪੁਰਸਕਾਰ 'ਸਰਸਵਤੀ ਸਨਮਾਨ' ਦੀ ਪੰਜਾਬੀ ਭਾਸ਼ਾ ਸਮਿਤੀ ਦਾ ਕਨਵੀਨਰ ਰਿਹਾ। ਇੰਡੀਅਨ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀ, ਸ਼ਿਮਲਾ ਵਿਖੇ ਵੀ ਉਸ ਕੁਝ ਵਕਤ ਬਤੌਰ ਫੈਲੋ ਦੇ ਗੁਜ਼ਾਰਿਆ। ਜ਼ਬਾਨਦਾਨੀ ਦੇ ਮਾਹਿਰ ਡਾ. ਰਾਹੀ ਨੂੰ ਪੰਜਾਬੀ ਤੋਂ ਇਲਾਵਾ ਉਰਦੂ, ਫ਼ਾਰਸੀ , ਹਿੰਦੀ ਅਤੇ ਅੰਗਰੇਜ਼ੀ ਜ਼ੁਬਾਨਾਂ ਉੱਪਰ ਵੀ ਆਬੂਰ ਹਾਸਲ ਸੀ ਅਤੇ ਇਨ੍ਹਾਂ ਜ਼ੁਬਾਨਾਂ ਵਿਚ ਵੀ ਉਸ ਖੋਜ-ਪੱਤਰ ਲਿਖ ਕੇ ਆਪਣੀ ਬਹੁਭਾਸ਼ਾਈ ਯੋਗਤਾ ਦਾ ਸਿੱਕਾ ਮਨਵਾਇਆ।

ਬੇਸ਼ੱਕ ਡਾ. ਜੋਗਿੰਦਰ ਸਿੰਘ ਰਾਹੀ ਨੇ 1972 ਈ. ਵਿਚ **ਜਗ-ਬੀਤੀ ਹੱਡ ਬੀਤੀ** ਪੁਸਤਕ ਦਾ ਸੰਪਾਦਨ ਕਰਕੇ ਅਤੇ ਕੁਝ ਵਿਕੋਲਿਤਰੀਆਂ ਗਲਪੀ ਰਚਨਾਵਾਂ ਉੱਪਰ ਮਜ਼ਮੂਨ ਲਿਖ ਕੇ ਗਲਪ-ਚਿੰਤਨ ਦੇ ਖੇਤਰ ਵਿਚ ਪ੍ਰਵੇਸ਼ ਕਰ ਲਿਆ ਸੀ ਪਰੰਤੂ ਉਸ ਦੀ ਇਸ ਖੇਤਰ ਵਿਚ ਅਸਲ ਪਛਾਣ ਦਾ ਮੁੱਢ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੁਆਰਾ 1974 ਈ. ਵਿਚ ਪੰਜਾਬੀ ਨਾਵਲ ਦੇ ਸਰਵੇਖਣ ਤੇ ਮੁੱਲਾਂਕਣ ਸੰਬੰਧੀ ਕਰਵਾਏ ਸੈਮੀਨਾਰ ਵਿਚ ਪੇਸ਼ ਖੋਜ ਪੱਤਰ "ਪੰਜਾਬੀ ਨਾਵਲ ਦੀ ਸਥਿਤੀ - 1960

ਤਕ" ਨਾਲ ਬੱਝਾ। ਇਸ ਖੋਜ ਪੱਤਰ ਨੇ ਪੰਜਾਬੀ ਨਾਵਲ ਦੇ ਮਹਾਂਦ੍ਰਿਸ਼ ਸੰਬੰਧੀ ਬੱਝਵਾਂ ਚਿੰਤਨ ਤਾਂ ਪੇਸ਼ ਕੀਤਾ ਹੀ ਨਾਲ ਹੀ ਨਾਲ ਪੰਜਾਬੀ ਨਾਵਲ ਦੀ ਤਾਰੀਖ, ਸ਼ਾਹਕਾਰ ਨਾਵਲਾਂ ਅਤੇ ਪੰਜਾਬੀ ਨਾਵਲ ਦੇ ਇਤਿਹਾਸ ਤੇ ਸ਼ਾਸਤ੍ਰ ਨਾਲ ਸੰਬੰਧਿਤ ਗੰਭੀਰ ਮੁੱਦਿਆਂ ਨੂੰ ਵੇਖਣ ਲਈ ਇਕ ਸੱਜਰੀ ਨਜ਼ਰ ਮੁਹੱਈਆ ਕੀਤੀ। ਉਹ ਜਿੰਨੀ ਸ਼ਿੱਦਤ ਨਾਲ ਸੋਚਦਾ ਤੇ ਲਿਖਦਾ ਸੀ ਓਨੇ ਜ਼ੋਰਦਾਰ ਢੰਗ ਤੇ ਅੰਦਾਜ਼ ਨਾਲ ਆਪਣੀ ਗੱਲ ਚਿੰਤਕਾਂ ਸਾਹਵੇਂ ਵੀ ਰੱਖਦਾ ਸੀ। ਬੋਲ ਸ਼ਕਤੀ ਤੇ ਜਿਸਮਾਨੀ ਭਾਸ਼ਾ ਦਾ ਦਿਲਕਸ਼ ਸੁਮੇਲ ਸਿਰਜਣ ਦਾ ਮਾਹਿਰ ਸੀ ਡਾ. ਰਾਹੀ। 1976 ਈ. ਵਿਚ ਮੁਕੰਮਲ ਕੀਤੇ ਆਪਣੇ ਖੋਜ ਕਾਰਜ ਨੂੰ ਉਸ 1978 ਈ. ਵਿਚ ਪ੍ਰਕਾਸ਼ਿਤ ਕਰਵਾਇਆ ਤਾਂ ਉਹ ਪੰਜਾਬੀ ਗਲਪ ਚਿੰਤਨ ਦਾ ਨਵੇਕਲੇ ਨਕਸ਼ਾਂ ਵਾਲਾ ਵਿਸ਼ੇਸ਼ੱਗ ਚਿੰਤਕ ਬਣ ਗਿਆ। 1997 ਈ. ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਸਕੂਲ ਤੋਂ ਪ੍ਰੋਫ਼ੈਸਰ ਦੇ ਅਹੁਦੇ ਤੋਂ ਸੇਵਾ-ਮੁਕਤ ਹੋਣ ਤਕ ਉਸ ਦੋ ਪੁਸਤਕਾਂ ਦੇ ਸੰਪਾਦਨ ਤੋਂ ਇਲਾਵਾ ਗਲਪ-ਚਿੰਤਨ ਨਾਲ ਸੰਬੰਧਿਤ ਕੁਲ ਤਿੰਨ ਪੁਸਤਕਾਂ **ਪੰਜਾਬੀ ਨਾਵਲ** (1978), **ਮਸਲੇ ਗਲਪ ਦੇ** (1992) ਅਤੇ **ਸਮਾਂ ਤੇ ਸੰਵਾਦ** (1997) ਦੀ ਰਚਨਾ ਕੀਤੀ। ਪੰਜਾਬੀ ਚਿੰਤਨ ਦੇ ਪ੍ਰਚਲਿਤ ਵਰਤਾਰੇ ਮੁਤਾਬਿਕ ਬਹੁਤਾ ਚਿੰਤਨ ਉਪਾਧੀ, ਤਰੱਕੀ ਜਾਂ ਅਹੁਦੇ ਲੈਣ ਹਿਤ ਹੋਂਦ ਵਿਚ ਆਉਂਦਾ ਹੈ। ਪਰੰਤੂ ਡਾ. ਰਾਹੀ ਨੌਕਰੀ ਦਾ ਸਫ਼ਰ ਤਮਾਮ ਹੋਣ ਦੇ ਬਾਵਜੂਦ ਚਿੰਤਨ ਦੇ ਸਫ਼ਰ ਵੱਲ ਵਧੇਰੇ ਸਰਗਰਮ ਹੋ ਗਿਆ। ਉਹ ਸਦਾ ਆਪਣੇ ਜ਼ਿਹਨ ਨੂੰ ਹਰਕਤ ਵਿਚ ਰੱਖਣ ਵਾਲਾ ਅਭਿਆਸੀ ਸ਼ਖ਼ਸ ਸੀ--ਅਮੂਰਤ ਦੀ ਜ਼ਿਹਨ ਵਿਚ ਮੂਰਤ ਬਣਾ ਉਸ ਨੂੰ ਆਪਣੇ ਹੀ ਅੰਦਾਜ਼-ਏ-ਬਿਆਂ ਵਿਚ ਢਾਲ ਹਰਫ਼ਾਂ ਦਾ ਜਾਮਾ ਪਹਿਨਾਉਣ ਵਾਲਾ। ਆਪਣੀ ਗੱਲ ਨੂੰ ਕਈ ਕਈ ਰੂਪਾਂ, ਰੰਗਾਂ ਤੇ ਢੰਗਾਂ ਵਿਚ ਢਾਲ ਮੌਲਿਕ ਬਣਾਉਣ ਦੀ ਅਟਕਲ ਸੀ ਉਸਨੂੰ ਅਤੇ ਇਸੇ ਅਟਕਲ ਨਾਲ ਉਹ ਆਪਣੀਆਂ ਹੀ ਸੋਚੀਆਂ ਗੱਲਾਂ ਤੇ ਧਾਰਨਾਵਾਂ ਨੂੰ ਆਪਣੇ ਖੋਜ ਵਿਦਿਆਰਥੀਆਂ ਤੇ ਚਹੇਤਿਆਂ ਦੇ ਮਜ਼ਮੂਨਾਂ, ਖੋਜ ਪੱਤਰਾਂ, ਖੋਜ ਨਿਬੰਧਾਂ ਅਤੇ ਪੁਸਤਕਾਂ ਵਿਚ ਪੂਰੀ ਖੁਲ੍ਹ-ਦਿਲੀ ਤੇ ਉਦਾਰਤਾ ਨਾਲ ਖੋਰ ਦੇਂਦਾ ਸੀ। ਉਸਦੀ ਚਿੰਤਨੀ ਊਰਜਾ, ਸੋਚ ਤੇ ਧਾਰਨਾਵਾਂ ਦੀਆਂ ਪ੍ਰਤਿਧੁਨੀਆਂ ਏਸੇ ਲਈ ਉਸ ਦੁਆਰਾ ਕਰਵਾਏ ਕੰਮਾਂ ਅਤੇ ਖੋਜ ਕਾਰਜਾਂ ਵਿਚੋਂ ਵੀ ਗੂੰਜਦੀਆਂ ਸੁਣਾਈ ਦੇਂਦੀਆਂ ਹਨ। 1997 ਈ. ਵਿਚ ਸੇਵਾ-ਮੁਕਤ ਹੋਣ ਉਪਰੰਤ ਡਾ. ਹਰਿਭਜਨ ਸਿੰਘ ਦੀ ਲੰਮੀ ਨਜ਼ਮ **ਰੁੱਖ ਤੇ ਰਿਸ਼ੀ** ਦਾ ਅੰਗਰੇਜ਼ੀ ਵਿਚ ਅਨੁਵਾਦ ਕਰਨ ਅਤੇ ਨਾਨਕ ਸਿੰਘ ਦੀ ਨਾਵਲਕਾਰੀ ਸੰਬੰਧੀ ਪੁਸਤਕ ਸੰਪਾਦਿਤ ਕਰਨ ਤੋਂ ਇਲਾਵਾ ਉਸ **ਜੋਗ-ਜੁਗਤ ਦੀ ਬਾਰਤਾ** (2006), **ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਵਿਚ ਕਪਾਲ** (2007) ਅਤੇ **ਪੰਜਾਬੀ ਕਹਾਣੀ**

**ਦਾ ਸਫ਼ਰ ਤੇ ਸ਼ਾਸਤ੍ਰ** (2009) ਪੁਸਤਕਾਂ ਪੰਜਾਬੀ ਚਿੰਤਨ ਦੀ ਦੁਨੀਆ ਨੂੰ ਦਿੱਤੀਆਂ। ਆਖ਼ਰੀ ਦੋ ਪੁਸਤਕਾਂ ਉਸ ਡਾ. ਰਮਿੰਦਰ ਕੌਰ ਨਾਲ ਸਾਂਝੇ ਤੌਰ ਉੱਪਰ ਲਿਖੀਆਂ। ਆਪਣੇ ਅੰਤਿਮ ਲਮ੍ਹਿਆਂ ਉੱਪਰ ਵੀ ਉਸਦੇ ਹੋਠਾਂ ਉੱਪਰ ਇਕ ਹੀ ਲਫ਼ਜ਼ 'ਕਿਤਾਬ' ਸੀ, ਜੋ ਉਸਦੀ ਬੀਮਾਰੀ ਕਾਰਣ ਮੁਕੰਮਲ ਨਾ ਹੋ ਸਕੀ। ਉਂਜ ਵੀ 'ਕਿਤਾਬ' ਦੇ ਕਾਫ਼ੀਏ ਨਾਲ ਮਾਨਵੀ ਕਮਜ਼ੋਰੀ ਦੀ ਹੱਦ ਤਕ ਮੋਹ ਸੀ ਡਾ. ਰਾਹੀ ਦਾ।

ਡਾ. ਜੋਗਿੰਦਰ ਸਿੰਘ ਰਾਹੀ ਪੰਜਾਬੀ ਗਲਪ ਦਾ ਵਿਸ਼ੇਸ਼ੱਗ ਕੋਈ ਤਿਕੜਮਬਾਜ਼ੀਆਂ, ਸਿਆਸੀ ਦਾਅਪੇਚਾਂ ਜਾਂ ਜਾਅਲਸਾਜ਼ੀਆਂ ਨਾਲ ਨਹੀਂ ਸੀ ਬਣਿਆਂ। ਚਿੰਤਨ ਦੀ ਦੁਨੀਆ ਵਿਚ ਅਜਿਹੇ ਦੰਭ ਦੇ ਸਿੱਕਿਆਂ ਨੂੰ ਉਹ ਡਾਢ੍ਹੀ ਨਫ਼ਰਤ ਕਰਦਾ ਸੀ। ਅਜੋਕੇ ਯੁੱਗ ਵਿਚ ਇਨ੍ਹਾਂ ਹੀ ਸਿੱਕਿਆਂ ਦੇ ਮਕਬੂਲ ਹੋਣ ਕਰਕੇ ਵਧੀ ਯੋਗਤਾ ਦੀ ਬੇਕਦਰੀ ਕਰਕੇ ਉਹ ਅਕਸਰ ਖਿਝਦਾ-ਕ੍ਰਿਝਦਾ ਅਤੇ ਜ਼ਮਾਨੇ ਨੂੰ ਕੋਸਦਾ ਰਹਿੰਦਾ ਸੀ। ਯੋਗਤਾ, ਮਿਹਨਤ, ਕੰਮ ਸਭਿਆਚਾਰ ਪ੍ਰਤਿ ਪ੍ਰਤਿਬੱਧਤਾ ਵਿਚ ਹੀ ਉਸਦਾ ਮੁਕੰਮਲ ਭਰੋਸਾ ਸੀ। ਉਸ ਗਿਆਨ ਦੇ ਅਧਿਐਨ ਅਤੇ ਆਪਣੇ ਨਿਰੰਤਰ ਵਿਹਾਰਕ ਕਾਰਜਾਂ ਰਾਹੀਂ ਆਪਣੀ ਮੌਲਿਕ ਕ੍ਰਿਆ-ਵਿਧੀ ਈਜਾਦ ਕੀਤੀ ਅਤੇ ਜਿਸ ਨੂੰ ਉਹ ਅੰਤਿਮ ਸੱਚ ਵਜੋਂ ਗ੍ਰਹਿਣ ਜਾਂ ਪੇਸ਼ ਕਰਨ ਦੀ ਬਜਾਏ ਨਿਰੰਤਰ ਸੋਚਦਾ ਅਤੇ ਪ੍ਰਮਾਣਕ ਬਣਾਉਣ ਦਾ ਉੱਦਮ ਕਰਦਾ ਰਿਹਾ। ਗਿਆਨ ਦੀ ਦੁਨੀਆ ਵਿਚ ਉਹ ਅੰਤਿਮ ਫ਼ੈਸਲਿਆਂ ਦੀ ਬਜਾਏ ਪ੍ਰਸ਼ਨਾਂ, ਸੁਝਾਉ, ਸੰਕੇਤ ਅਤੇ ਸੰਵਾਦ ਨੂੰ ਕਿਤੇ ਕਾਰਗਰ ਮਹਿਸੂਸ ਕਰਦਾ ਸੀ।

ਡਾ. ਰਾਹੀ ਨੇ ਆਪਣੇ ਚਿੰਤਨ-ਕਾਰਜ ਦਾ ਸਫ਼ਰ **ਪੰਜਾਬੀ ਨਾਵਲ** (1978) ਪੁਸਤਕ ਦੇ ਪ੍ਰਕਾਸ਼ਨ ਨਾਲ ਆਰੰਭ ਕੀਤਾ ਅਤੇ **ਪੰਜਾਬੀ ਕਹਾਣੀ ਦਾ ਸਫ਼ਰ ਤੇ ਸ਼ਾਸਤ੍ਰ** (2009) ਤਕ ਅਪੜਿਆ। ਡਾ. ਵਿਨੋਦ ਨੇ ਆਪਣੀ ਇਕ ਇੰਟਰਵਿਊ ਵਿਚ ਆਖਿਆ ਸੀ ਕਿ "ਡਾ. ਜੋਗਿੰਦਰ ਸਿੰਘ ਰਾਹੀ ਪੰਜਾਬੀ ਨਾਵਲ ਅਧਿਐਨ ਦਾ ਸੰਸਥਾਪਕ ਹੈ... ਮੈਨੂੰ ਇਹ ਕਹਿਣ ਜਾਂ ਪਰਵਾਨ ਕਰਨ ਵਿਚ ਕੋਈ ਇਤਰਾਜ਼ ਨਹੀਂ ਕਿ ਉਹਦੀ ਪੰਜਾਬੀ ਨਾਵਲ ਬਾਰੇ ਜਿਹੜੀ ਸਮਝ ਹੈ ਉਹ ਮੇਰੇ ਨਾਲੋਂ ਜ਼ਿਆਦਾ ਗਹਿਰੀ ਹੈ।" **ਪੰਜਾਬੀ ਨਾਵਲ** ਵਿਚ ਡਾ. ਰਾਹੀ ਨੇ ਕੁਝ ਪ੍ਰਮੁੱਖ ਨਾਵਲਕਾਰਾਂ ਦੇ ਪ੍ਰਤਿਨਿੱਧ ਨਾਵਲਾਂ ਦੇ ਆਧਾਰ ਉੱਪਰ ਪੰਜਾਬੀ ਨਾਵਲ ਦੀ ਗਤੀ/ਪ੍ਰਗਤੀ ਨੂੰ ਉਨ੍ਹਾਂ ਦੀ ਰੂਪ ਤੇ ਬਣਤ ਦੀ ਤਹਿ ਵਿਚ ਕਾਰਜਸ਼ੀਲ ਰਚਨਾਤਮਕ ਦ੍ਰਿਸ਼ਟੀ ਦੇ ਵਿਸ਼ਲੇਸ਼ਣ ਦੇ ਆਧਾਰ ਉੱਪਰ ਪਛਾਣਨ ਦਾ ਯਤਨ ਕੀਤਾ। ਇਸ ਅਧਿਐਨ ਲਈ ਅਪਣਾਈ ਗਈ ਦ੍ਰਿਸ਼ਟੀ ਯਥਾਰਥਬੋਧ ਦੇ ਪੈਂਤੜੇ ਉੱਪਰ ਆਧਾਰਿਤ ਸੀ ਅਤੇ

ਵਿਧੀ ਵਰਣਨਾਤਮਕ ਤੇ ਇਤਿਹਾਸਕ ਪਹੁੰਚਾਂ ਦੇ ਸੰਮਿਸ਼੍ਰਣ ਉੱਪਰ ਆਸਰਿਤ। ਇਸ ਪੁਸਤਕ ਵਿਚਲਾ ਆਲੋਚਨਾਤਮਕ ਮੁਹਾਵਰਾ ਖਾਸਾ ਸੰਘਣਾ ਤੇ ਕਰੜਾ ਸੀ। ਦੂਸਰੀ ਪੁਸਤਕ **ਮਸਲੇ ਗਲਪ ਦੇ** ਪਹਿਲੀ ਕਿਤਾਬ ਨਾਲੋਂ ਚੌਦਾਂ ਵਰ੍ਹੇ ਮਗਰੋਂ ਛਪੀ। ਇਸ ਵਿਚ ਵਰਤਿਆ ਗਿਆ ਮੁਹਾਵਰਾ ਸੰਘਣਾ ਤੇ ਕਰੜਾ ਨਹੀਂ, ਸਰਲ ਤੇ ਵਰਣਨਾਤਮਕ ਹੈ। ਇਸ ਪੁਸਤਕ ਵਿਚ ਮੂਲ ਸਿੱਧਾਂਤ ਇਹ ਛੁਪਿਆ ਹੋਇਆ ਹੈ ਕਿ ਕਿਸੇ ਰਚਨਾ ਨੂੰ ਆਲੋਚਕ ਦੇ ਆਪਣੇ ਸਮੇਂ ਦੇ ਸਾਹਿਤਕ ਪ੍ਰਤਿਮਾਨਾਂ ਦੀ ਦ੍ਰਿਸ਼ਟੀ ਤੋਂ ਨਹੀਂ ਸਮਝਿਆ ਜਾ ਸਕਦਾ ਸਗੋਂ ਮੂਲ ਇਤਿਹਾਸਕ ਸੰਦਰਭ ਤਕ ਅਪੜਣ ਦੀ ਜ਼ਰੂਰਤ ਹੁੰਦੀ ਹੈ। ਕਿਸੇ ਵੀ ਲੇਖਕ/ਧਾਰਾ ਨੂੰ ਸਮਝਣਾ ਹੋਵੇ ਤਾਂ ਉਸਨੂੰ ਸਿਰਜਤਕਾਲ ਦੀਆਂ ਇਤਿਹਾਸਕ ਪਰਿਸਥਿਤੀਆਂ ਦੇ ਆਲੇ-ਦੁਆਲੇ ਦੀ ਦਵੰਦਾਤਮਕਤਾ ਵਿਚ ਬੇਹਤਰ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। **ਸਮਾਂ ਤੇ ਸੰਵਾਦ** (1997) ਵਿਚ ਡਾ. ਰਾਹੀ ਨੇ ਆਪਣੇ ਲਗਭਗ ਸਾਰੇ ਅਣਛਪੇ ਮਜ਼ਮੂਨ, ਉਨ੍ਹਾਂ ਦੇ ਕਾਲ-ਕ੍ਰਮ ਅਨੁਸਾਰ, ਪੇਸ਼ ਕੀਤੇ। ਇਕ ਢੰਗ ਨਾਲ ਇਹ ਰਚਨਾ ਉਸਦੀ ਅਧਿਐਨ ਵਿਧੀ ਅਤੇ ਦ੍ਰਿਸ਼ਟੀ ਵਿਚ ਆਏ ਵਿਕਾਸ ਤੇ ਗਹਿਰਾਈ ਨੂੰ ਵੀ ਆਪਣੇ ਅੰਦਰ ਸਮੋਈ ਬੈਠੀ ਹੈ। ਇਸ ਪੁਸਤਕ ਵਿਚਲੇ ਸਾਰੇ ਮਜ਼ਮੂਨ ਵਿਹਾਰਕ ਵਿਸ਼ਲੇਸ਼ਣ ਨਾਲ ਸੰਬੰਧਿਤ ਹਨ। ਸਿਧਾਂਤਕਾਰੀ ਇਨ੍ਹਾਂ ਦੇ ਵਜੂਦ ਵਿਚ ਅੰਤਰਨਿਹਿਤ ਹੈ। ਇਹ ਵਿਧੀ ਇਕਹਿਰੇ ਢੰਗ ਨਾਲ ਸਾਹਿਤ ਦੀ ਸਾਹਿਤਿਕਤਾ ਦੀ ਪਛਾਣ ਕਰਨ ਦੀ ਬਜਾਏ ਸਮੁੱਚਵਾਦੀ ਪਹੁੰਚ ਦੇ ਆਸਰੇ ਬਹੁਕੋਣਾਂ ਤੋਂ ਰਚਨਾ ਦੇ ਅੰਦਰਵਾਰ ਉਤਰਦੀ ਹੈ। ਪੱਛਮੀ ਕਾਵਿ-ਸ਼ਾਸਤਰ ਦੇ ਨੇਮਾਂ ਦੇ ਮਕਾਨਕੀ ਆਰੋਪਣ ਦੀ ਬਜਾਏ ਡਾ. ਰਾਹੀ ਗਿਆਨ ਪ੍ਰਬੰਧ ਨੂੰ ਆਤਮਸਾਤ ਅਤੇ ਜਜ਼ਬ ਕਰਨ ਉੱਪਰ ਬਲ ਦੇਂਦਾ। ਮੌਲਿਕਤਾ ਉਸਦੇ ਚਿੰਤਨ ਕਾਰਜ ਦਾ ਉਘੜਵਾਂ ਲੱਛਣ ਹੈ ਅਤੇ ਇਸਦਾ ਉਦੈ ਉਸਦੇ ਕਾਰਜ ਵਿਚ ਪਾਠਾਂ ਦੇ ਨਿੱਠ ਕੇ ਬਹੁਕੋਣਾਂ ਤੋਂ ਕੀਤੇ ਵਿਸ਼ਲੇਸ਼ਣ ਅਤੇ ਮੰਥਨ ਵਿਚੋਂ ਨਿਤਾਰੇ ਸਿੱਟਿਆਂ ਵਿਚੋਂ ਹੁੰਦਾ ਹੈ। ਉਸਦੀ ਧਾਰਨਾ ਸੀ ਕਿ "ਕੋਈ ਵੀ ਅਧਿਐਨ ਵਿਧੀ ਜਿਸਦੀ ਦੁਨੀਆ ਵਿਚ ਪਹਿਚਾਣ ਬਣੀ, ਉਹ ਬੇਤੁਕੀ ਨਹੀਂ ਸਮਝੀ ਜਾਣੀ ਚਾਹੀਦੀ।" ਪਰੰਤੂ ਨਾਲ ਹੀ ਉਹ ਕਿਸੇ ਵੀ ਅਧਿਐਨ ਵਿਧੀ ਨੂੰ ਇੰਨਬਿੰਨ ਅਪਨਾਉਣ ਦੇ ਹੱਕ ਵਿਚ ਨਹੀਂ ਸੀ। ਉਸਦੀ ਇਹ ਵੀ ਧਾਰਨਾ ਸੀ ਕਿ "ਜਿਸ ਜ਼ਮਾਨੇ ਵਿਚ ਕੋਈ ਅਧਿਐਨ ਵਿਧੀ ਉੱਭਰੀ, ਉਸ ਜ਼ਮਾਨੇ ਦੇ ਲਿਹਾਜ਼ ਨਾਲ ਹੀ ਉਸਦੇ ਅਰਥਾਂ ਨੂੰ ਸਮਝਿਆ ਜਾਣਾ ਚਾਹੀਦਾ ਹੈ।" ਸਿਧਾਂਤ ਘੋਟਣ ਅਤੇ ਅਣਸਮਝੇ ਸੰਕਲਪਾਂ ਦਾ ਖਿਲਾਰਾ ਪਾਉਣ ਜਾਂ ਪਰਦਰਸ਼ਨੀ ਕਰਨ ਨਾਲੋਂ ਉਹ ਵਿਹਾਰਕ ਕਾਰਜਾਂ ਵਿਚ ਗਹਿਗੱਚ ਹੋ ਰੁੱਝੇ ਰਹਿਣ ਅਤੇ ਉਹਨਾਂ ਵਿਚੋਂ ਸ਼ਾਸਤ੍ਰ ਦੀ ਤਲਾਸ਼ ਕਰਨ ਨੂੰ ਬੇਹਤਰ ਸਮਝਦਾ ਸੀ। ਉਸ ਦੀਆਂ ਆਖਰੀ ਦੋ

ਪੁਸਤਕਾਂ ਇਸ ਧਾਰਨਾ ਦੀਆਂ ਗਵਾਹ ਹਨ ਜਿਨ੍ਹਾਂ ਵਿਚ ਉਸ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦੀ ਮੂਲ ਚੂਲ ਅਤੇ ਪੰਜਾਬੀ ਕਹਾਣੀ ਦੇ ਸ਼ਾਸਤ੍ਰ ਨੂੰ ਤਲਾਸ਼ਣ ਦਾ ਭਰੋਸੇਯੋਗ ਕਾਰਜ ਕੀਤਾ। ਰਾਏ ਨਾਲੋਂ ਵਿਸ਼ਲੇਸ਼ਣ ਨੂੰ ਤਰਜੀਹ ਦੇਣ ਵਾਲਾ ਇਹ ਚਿੰਤਕ ਸਾਹਿਤ ਰਚਨਾ ਦੇ ਥੀਮ ਤੇ ਵਿਚਾਰਧਾਰਾ ਸੰਬੰਧੀ ਚਰਚਾ ਉਸਦੇ ਰੂਪ, ਬਣਤਰ ਅਤੇ ਪ੍ਰਤੀਕ ਵਿਧਾਨ ਆਦਿ ਦੀ ਨਿਸਬਤ ਵਿਚ ਕਰਦਾ ਸੀ। ਤੀਖਣ ਪ੍ਰਤੱਖਣ, ਸਾਹਿਤ ਇਤਿਹਾਸਕ ਸੰਦਰਭ ਅਤੇ ਗਹਿਰ ਗੰਭੀਰ ਸੰਵਾਦ ਡਾ. ਰਾਹੀ ਦੀ ਅਧਿਐਨ-ਜੁਗਤ ਦੇ ਪਛਾਣਨਯੋਗ ਪਹਿਲੂ ਸਨ।

ਡਾ. ਰਾਹੀ ਕੋਈ ਮਿੱਥ ਜਾਂ ਪੁਰਾਣ ਕਥਾ ਦਾ ਪਾਤਰ ਨਹੀਂ ਸਗੋਂ ਮਾਨਵੀ ਗੁਣਾਂ ਅਤੇ ਕਮਜ਼ੋਰੀਆਂ ਵਾਲਾ ਇਕ ਜਿਊਂਦਾ ਜਾਗਦਾ, ਚੰਗਾ ਤੇ ਭਰਪੂਰ ਜੀਵਨ ਜੀਊਣ ਵਾਲਾ ਇਨਸਾਨ ਸੀ। ਉਸ ਦੇ ਗੁਣ ਵੱਡੇ ਅਤੇ ਗ੍ਰਹਿਣਯੋਗ ਸਨ। ਉਸ ਦੀ ਬਾਤ ਬਾਤ ਵਿਚ ਸਚਮੁਚ ਕੋਈ 'ਬਾਤ' ਸੀ। ਮੌਲਾਨਾ ਅਲਤਾਫ਼ ਹੁਸੈਨ ਹਾਲੀ ਦਾ ਸ਼ਿਅਰ ਬਦੋਬਦੀ ਜ਼ਿਹਨ ਉੱਪਰ ਸਵਾਰ ਹੋ ਰਿਹਾ ਹੈ:

**ਏਕ ਰੌਸ਼ਨ ਦਿਮਾਗ ਥਾ ਨਾ ਰਹਾ,**
**ਸ਼ਹਰ ਮੇਂ ਏਕ ਚਿਰਾਗ਼ ਥਾ ਨਾ ਰਹਾ।**